# HARYANA DI PUNAJBI VARTAK DA VIKAS: PARNPRA TON PACHHAN TAK

# ਹਰਿਆਣਾ ਦੀ ਪੰਜਾਬੀ ਵਾਰਤਕ ਦਾ ਵਿਕਾਸ: ਪਰੰਪਰਾ ਤੋਂ ਪਛਾਣ ਤੱਕ

**ਹਰਭਜਨ ਸਿੰਘ (Harbhajan Singh)**

**ਖੋਜਾਰਥੀ, ਸਿੱਖਿਆ ਵਿਭਾਗ, ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ (ਹਰਿਆਣਾ)**

**E-Mail id: mannakataria729@gmail.com ਮੋਬਾਈਲ : +91-9466673729**

ABSTRACT

*ਇਹ ਖੋਜ ਪੇਪਰ ਹਰਿਆਣਾ ਦੀ ਪੰਜਾਬੀ ਵਾਰਤਕ ਦੇ 'ਪਰੰਪਰਾ ਤੋਂ ਪਛਾਣ' ਤੱਕ ਦੇ ਵਿਕਾਸ ਸਫ਼ਰ ਦਾ ਵਿਸ਼ਲੇਸ਼ਣ ਕਰਦਾ ਹੈ। ਇਹ ਦਰਸਾਉਂਦਾ ਹੈ ਕਿ 1966 ਵਿੱਚ ਹਰਿਆਣਾ ਦੇ ਰਾਜ ਬਣਨ ਤੋਂ ਬਾਅਦ ਵੀ, ਇੱਥੋਂ ਦੀ ਵਾਰਤਕ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਦੀ ਛਾਂ ਹੇਠ ਹੀ ਵਿਕਸਿਤ ਹੁੰਦੀ ਰਹੀ। ਸ਼ੁਰੂਆਤੀ ਲੇਖਕਾਂ, ਜਿਵੇਂ ਕਿ ਬਾਵਾ ਬੁੱਧ ਸਿੰਘ, ਮਹਿੰਦਰ ਸਿੰਘ ਰੰਧਾਵਾ, ਕਰਤਾਰ ਸਿੰਘ ਸੁਮੇਰ ਅਤੇ ਜਗਦੀਸ਼ ਪ੍ਰਸਾਦ ਕੌਸ਼ਿਕ ਦੀਆਂ ਰਚਨਾਵਾਂ ਬੌਧਿਕ ਅਤੇ ਦਾਰਸ਼ਨਿਕ ਗੁਣਾਂ ਤੋਂ ਭਰਪੂਰ ਸਨ, ਪਰੰਤੂ ਉਨ੍ਹਾਂ ਵਿੱਚ ਹਰਿਆਣਾ ਦੀ ਕਿਸਾਨੀ ਸੰਸਕ੍ਰਿਤੀ, ਲੋਕਧਾਰਾ, ਜਾਤੀ ਵਿਵਸਥਾ ਅਤੇ ਭੂਗੋਲਿਕ ਵਿਸ਼ੇਸ਼ਤਾਵਾਂ ਦੀ ਸਪਸ਼ਟ ਛਾਪ ਨਹੀਂ ਸੀ। 1980 ਦੇ ਦਹਾਕੇ ਤੋਂ ਬਾਅਦ, ਖੇਤਰੀ ਪਛਾਣ ਦੀ ਲਹਿਰ ਦੇ ਸਿੱਟੇ ਵਜੋਂ, ਹਰਿਆਣਾ ਦੀ ਪੰਜਾਬੀ ਵਾਰਤਕ ਨੇ ਆਪਣਾ ਰੁਖ ਬਦਲਿਆ। ਵਾਰਤਕ ਨੇ ਹਰਿਆਣਾ ਦੇ ਲੋਕ-ਜੀਵਨ, ਸਮਾਜਿਕ ਸੰਰਚਨਾ ਅਤੇ ਸਭਿਆਚਾਰਕ ਪ੍ਰਤੀਕਾਂ ਨੂੰ ਆਪਣਾ ਕੇਂਦਰੀ ਵਿਸ਼ਾ ਬਣਾਉਂਦੇ ਹੋਏ, ਪੰਜਾਬੀ ਭਾਸ਼ਾ ਵਿੱਚ ਹਰਿਆਣਵੀ ਅਨੁਭਵ-ਸੰਸਾਰ ਨੂੰ ਪੇਸ਼ ਕੀਤਾ। ਇਸ ਤਰ੍ਹਾਂ, ਇਸਨੇ ਨਾ ਸਿਰਫ਼ ਪੰਜਾਬੀ ਸਾਹਿਤਕ ਪਰੰਪਰਾ ਨੂੰ ਅੱਗੇ ਵਧਾਇਆ, ਬਲਕਿ ਉਸ ਵਿੱਚ ਆਪਣੀ ਵਿਲੱਖਣ ਭੂਗੋਲਿਕ-ਸਭਿਆਚਾਰਕ ਪਛਾਣ ਵੀ ਜੋੜੀ। ਲੇਖ ਇਸ ਨਤੀਜੇ 'ਤੇ ਪਹੁੰਚਦਾ ਹੈ ਕਿ ਇਸ ਵਿਕਾਸ ਨੇ ਸਾਬਤ ਕਰ ਦਿੱਤਾ ਹੈ ਕਿ ਭਾਸ਼ਾ ਦੀਆਂ ਸੀਮਾਵਾਂ ਖੇਤਰੀ ਚੇਤਨਾ ਨੂੰ ਰੋਕ ਨਹੀਂ ਸਕਦੀਆਂ, ਹਾਲਾਂਕਿ ਵਾਰਤਕ ਦਾ ਗੁਣਾਤਮਕ ਵਿਸਤਾਰ ਅਜੇ ਵੀ ਇੱਕ ਚੁਣੌਤੀ ਬਣਿਆ ਹੋਇਆ ਹੈ, ਜਿਸ ਲਈ ਹੋਰ ਖੋਜ ਅਤੇ ਸਾਹਿਤਕ ਯਤਨਾਂ ਦੀ ਲੋੜ ਹੈ।*

**ਕੀਵਰਡ**: ਹਰਿਆਣਾ ਦੀ ਪੰਜਾਬੀ ਵਾਰਤਕ, ਜੀਵਨ ਅਨੁਭਵ, ਸਾਹਿਤਿਕ ਵਿਕਾਸ, ਖੇਤਰੀ ਪਛਾਣ, ਸਭਿਆਚਾਰਕ ਚੇਤਨਾ, ਲੋਕਧਾਰਾ, ਯਥਾਰਥਵਾਦ।

ਸਾਹਿਤ ਮਨੁੱਖੀ ਚੇਤਨਾ ਦਾ ਦਰਪਣ ਹੈ। ਸਾਹਿਤ ਆਂਤਰਿਕ ਅਤੇ ਬਾਹਰੀ ਬਦਲਾਵ ਨੂੰ ਮਹਿਸੂਸ ਕਰਦਾ ਹੋਇਆ ਉਸ ਦੀ ਅਭਿਵਿਅਕਤੀ ਸ਼ਬਦਾਂ ਰਾਹੀਂ ਕਰਦਾ ਹੈ। ਇਹ ਸਿਰਫ਼ ਸ਼ਬਦਾਂ ਦਾ ਜਾਲ ਨਹੀਂ, ਸਗੋਂ ਮਨੁੱਖੀ ਭਾਵਨਾਵਾਂ, ਅਨੁਭਵਾਂ ਅਤੇ ਵਿਚਾਰਾਂ ਦੀ ਜੀਵੰਤ ਪੇਸ਼ਕਾਰੀ ਵੀ ਹੈ। ਜਿਵੇਂ-ਜਿਵੇਂ ਮਨੁੱਖ ਦੇ ਆਲੇ-ਦੁਆਲੇ ਵਿੱਚ ਪਰਿਵਰਤਨ ਆਉਣ ਨਾਲ ਸਮਾਜ ਬਦਲਦਾ ਹੈ, ਤਿਵੇਂ ਸਾਹਿਤ ਦੇ ਰੂਪ, ਰੁਝਾਨ ਅਤੇ ਵਿਸ਼ੇ ਵੀ ਬਦਲਦੇ ਰਹਿੰਦੇ ਹਨ। ਇਸ ਪਰਿਵਰਤਨ ਨੂੰ ਸਾਹਿਤ ਰਾਹੀਂ ਸੰਚਾਰ ਕਰਵਾ ਕਰਕੇ ਮਨੁੱਖੀ ਜੀਵਨ ਵਿੱਚ ਚੇਤਨਾ ਪ੍ਰਗਟ ਕਰਨ ਦਾ ਯਤਨ ਕਰਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਹਰ ਯੁੱਗ ਦਾ ਸਾਹਿਤ ਆਪਣੇ ਸਮੇਂ ਦੀ ਚੇਤਨਾ, ਮਨੁੱਖੀ ਸੰਗਰਾਮ ਤੇ ਸੰਵੇਦਨਾਵਾਂ ਨੂੰ ਪ੍ਰਗਟ ਕਰਦਾ ਹੈ ਜੋ ਸਮਾਜ ਨੂੰ ਅੱਗੇ ਵਧਾਉਂਦਾ ਹੈ। ਮਨੁੱਖੀ ਚੇਤਨਾ ਦੇ ਵਿਕਾਸ ਨਾਲ ਸਾਹਿਤ ਦੇ ਰੂਪ ਵੀ ਬਦਲਦੇ ਰਹਿੰਦੇ ਹਨ। ਆਮ ਧਾਰਨ ਹੈ ਕੀ ਜਿਸ ਜਦੋਂ ਮਨੁੱਖ ਆਪਣੇ ਮਨ ਦੇ ਭਾਵਾਂ ਬਿਆਨ ਕਰਦਾ ਹੈ ਤਾਂ ਉਹ ਸਾਹਿਤ ਦਾ ਪਦ ਭਾਵ ਕਾਵਿ ਹੈ ਅਤੇ ਜਦੋਂ ਮਨੁੱਖ ਆਪਣੇ ਮਨ ਦੇ ਵਿਚਾਰਾਂ ਨੂੰ ਸ਼ਬਦਾਂ ਰਾਹੀਂ ਬਿਆਨ ਕਰਦਾ ਹੈ ਤਾਂ ਉਹ ਸਾਹਿਤ ਦਾ ਗੱਦ ਰੂਪ ਹੈ। ਜਦ ਮਨੁੱਖ ਨੇ ਬੋਲਣਾ ਸਿੱਖਿਆ, ਕਥਾ ਉਪਜੀ; ਜਦ ਲਿਖਣਾ ਸਿੱਖਿਆ, ਕਾਵਿ ਤੇ ਗੱਦ ਸਾਹਿਤ ਦਾ ਜਨਮ ਹੋਇਆ।

ਸਾਹਿਤਕਾਰ ਆਪਣੇ ਭਾਵਾਂ ਅਤੇ ਅਨੁਭਵਾਂ ਨੂੰ ਸ਼ਬਦਾਂ ਰਾਹੀਂ ਬਿਆਨ ਕਰਨ ਲਈ ਪਦ ਜਾਂ ਗੱਦ/ਵਾਰਤਕ ਨੂੰ ਮਾਧਿਅਮ ਬਣਾਉਂਦਾ ਹੈ। ਵਾਰਤਕ ਸ਼ਬਦ ਵਾਰਤਾ ਰਾਹੀਂ ਹੋਂਦ ਵਿੱਚ ਆਉਂਦਾ ਹੈ ਜਿਸ ਤੋਂ ਭਾਵ ਬਿਆਨ, ਵ੍ਰਿਤਾਂਤ, ਗੱਲ ਨੂੰ ਦੱਸਣ ਆਦਿ ਤੋਂ ਹੈ। ਵਾਰਤਕ ਸ਼ਬਦ 'ਵ੍ਰਿਤਿ' ਧਾਤੂ ਤੋਂ ਵਿਕਾਸ ਕਰਦਾ ਹੈ ਜਿਸ ਦੇ ਅਰਥ ਹਨ ਕਿਸੇ ਸੂਤ੍ਰ-ਬੱਧ ਰਚਨਾ ਦੀ ਵਿਆਖਿਆ ਕਰਨੀ ਜਾਂ ਟੀਕਾ ਲਿਖਣ। ਅਰਬੀ ਫ਼ਾਰਸੀ ਵਿੱਚ ਵਾਰਤਕ ਨੂੰ 'ਨਸ਼ਰ' ਆਖਦੇ ਹਨ ਜਿਸ ਦਾ ਸ਼ਾਬਦਿਕ ਅਰਥ ਹੈ ਵਿਖੇਰਨਾ। ਵਾਰਤਕ ਨੂੰ ਅੰਗਰੇਜ਼ੀ ਸਾਹਿਤ ਆਲੋਚਨਾ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਸਭ ਭਾਸ਼ਾਵਾਂ ਵਿੱਚ ਸਭ ਤੋਂ ਪਹਿਲਾਂ ਕਵਿਤਾ ਦਾ ਜਨਮ ਹੋਇਆ ਅਤੇ ਗੱਦ-ਰਚਨਾ, ਖ਼ਾਸਕਰ ਵਾਰਤਕ, ਇਸ ਤੋਂ ਬਾਅਦ ਵਿਕਸਿਤ ਹੋਈ। ਇਹ ਧਾਰਨਾ ਪੂਰੀ ਤਰ੍ਹਾਂ ਸਹੀ ਤਾਂ ਨਹੀਂ, ਪਰ ਇਸ ਵਿੱਚ ਕੁਝ ਅੰਸ਼ ਤੱਕ ਸੱਚਾਈ ਜ਼ਰੂਰ ਹੈ। ਇਸ ਧਾਰਨਾ ਦੀ ਪ੍ਰੋੜ੍ਹਤਾ ਕਰਦੇ ਹੋਏ ਪ੍ਰੋ. ਹਿੰਮਤ ਸਿੰਘ ਸੋਢੀ ਦਾ ਕਥਨ ਹੈ ਕਿ

*"ਮਨੁੱਖੀ ਜੀਵਨ ਵਿਚ, ਸਾਹਿਤ ਵਾਂਗ ਹੀ, ਕਵਿਤਾ (ਕਾਵਿਕ ਬੋਲੀ) ਵਾਰਤਕ ਤੋਂ ਪਹਿਲਾਂ ਹੋਂਦ ਵਿੱਚ ਆਉਂਦੀ ਹੈ। ਬੱਚੇ ਦੀ ਪਹਿਲੀ ਲਿਲ੍ਹਕ, ਫੇਰ*

*ਤੋਤਲੇ ਸ਼ਬਦ ਉਸ ਦੀ ਕਾਵਿਕ ਬੋਲੀ ਹੈ, ਜਦ ਕਿ ਗੱਲ ਕਰਨੀ ਬਾਦ ਵਿੱਚ ਸਿੱਖਦਾ ਹੈ। ਮਨੁੱਖ ਦੇ ਸਮਾਜਕ ਵਿਕਾਸ ਵਿਚ ਵੀ ਇਹੀ ਕਰਮ ਦੁਹਰਾਇਆ ਗਿਆ ਹੈ। ਪਹਿਲਾਂ ਲੋਕ-ਕਾਵਿ ਅਤੇ ਕਵਿਤਾ ਨੇ ਜਨਮ ਲਿਆ ਅਤੇ ਵਿਚ ਵਾਰਤਕ ਨੇ। ਹਰ ਬੋਲੀਆਂ ਵਾਂਗ ਪੰਜਾਬੀ ਭਾਸ਼ਾ ਵਿਚ ਵੀ ਇਹੀ ਅਮਲ ਕਾਰ-ਫਰਮਾ ਹੋਇਆ।"*[1]

ਪਰ ਇਸ ਪਿੱਛੇ ਦੀ ਅਸਲ ਸੱਚਾਈ ਇਹ ਹੋ ਸਕਦੀ ਹੈ ਕੀ ਕਵਿਤਾ ਛੰਦਬੱਧ ਹੋਣ ਕਰਨ ਇਸਨੂੰ ਯਾਦ ਰੱਖਣਾ ਅਸਾਨ ਸੀ ਜਿਸ ਕਾਰਨ ਇਹ ਸਫ਼ਰ ਕਰਦੀ-ਕਰਦੀ ਅੱਗੇ ਵੱਧਦੀ ਗਈ ਲੇਕਿਨ ਵਾਰਤਕ ਲਿਪੀ ਦੀ ਹੋਂਦ ਨਾ ਹੋਣ ਕਾਰਨ ਇਹ ਸਥਿਰ ਨਾ ਰਹਿ ਸਕੀ। ਇਸ ਲਈ ਇਹ ਵਾਰਤਕ ਨੂੰ ਸਾਹਿਤ ਦਾ ਪਿਛਲੇਰਾ ਰੂਪ ਕਿਹਾ ਜਾਣਾ ਆਰੰਭ ਹੋ ਗਿਆ। ਇਤਿਹਾਸਿਕ ਤੌਰ ਤੇ ਵਾਰਤਕ ਸਾਹਿਤ ਦੇ ਹਵਾਲੇ ਦੀ ਅਣਹੋਂਦ ਹੈ ਪਰ ਇਸ ਦੀ ਹੋਂਦ ਤਾਂ ਕਵਿਤਾ ਤੋਂ ਵੀ ਪੁਰਾਣੀ ਮੰਨੀ ਜਾ ਸਕਦੀ ਹੈ। ਕਵਿਤਾ ਨੂੰ ਆਮ ਤੌਰ ‘ਤੇ ਭਾਵਨਾਵਾਂ, ਜਜ਼ਬਾਤਾਂ ਅਤੇ ਕਲਪਨਾ ਨਾਲ ਜੋੜ ਕੇ “ਦਿਲ ਦੀ ਬੋਲੀ” ਕਿਹਾ ਜਾਂਦਾ ਹੈ। ਹਾਲਾਂਕਿ ਅਸਲ ਵਿੱਚ ਕਵਿਤਾ ਵਿੱਚ ਵੀ ਬੁੱਧੀ ਅਤੇ ਤਰਕ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਦੂਜੇ ਪਾਸੇ, ਵਾਰਤਕ ਵਿਧਾ ਵਿੱਚ ਭਾਵਨਾ ਅਤੇ ਕਲਪਨਾ ਦੋਹਾਂ ਪਾਏ ਜਾਂਦੇ ਹਨ, ਪਰ ਇਹ ਕਲਪਨਾ ਅਕਸਰ ਜੀਵਨ ਦੇ ਯਥਾਰਥਕ ਅਨੁਭਵਾਂ ਨਾਲ ਗੂੜ੍ਹੀ ਤਰ੍ਹਾਂ ਜੁੜੀ ਹੁੰਦੀ ਹੈ। ਮੁੱਖ ਤੌਰ ‘ਤੇ, ਕਵਿਤਾ ਅਤੇ ਵਾਰਤਕ ਵਿਚਕਾਰ ਅੰਤਰ ਸਿਰਫ਼ ਅਨੁਪਾਤਕ ਮਾਤਰਾ ਅਤੇ ਰਚਨਾਤਮਕ ਸ਼ੈਲੀ ਦਾ ਹੁੰਦਾ ਹੈ। ਵਾਰਤਕ ਦੀ ਪਰਿਭਾਸ਼ਾ ਸਬੰਧੀ ਡਾ. ਮਨਮੋਹਨ ਕੇਸਰ ਦੇ ਵਿਚਾਰ ਹਨ ਕਿ ਵਾਰਤਕ ਸਾਹਿਤ ਦਾ ਉਹ ਵਿਸ਼ਾਲ ਰੂਪ ਹੈ ਜਿਸ ਵਿਚਕਿਸੇ ਵਿਚਾਰ ਜਾਂ ਸਥਿਤੀ ਨੂੰ ਅਜਿਹੇ ਕਲਾਤਮਕ ਤੇ ਨਿਸ ਭਰਪੂਰ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕੀ ਉਹ ਸਾਡੇ ਦਿਮਾਗੀ ਵਿਰਸੇ ਦਾ ਅੰਗ ਬਣ ਜਾਂਦੀ ਹੈ।[2]

ਪੰਜਾਬੀ ਸਾਹਿਤ ਭਾਰਤੀ ਭਾਸ਼ਾਈ ਸੰਸਕ੍ਰਿਤੀ ਦਾ ਅਟੁੱਟ ਹਿੱਸਾ ਹੈ। ਇਹ ਸਾਹਿਤ ਪ੍ਰੇਮ, ਸਹਿਣਸ਼ੀਲਤਾ, ਮਿਹਨਤ, ਲੋਕਧਾਰਾ ਅਤੇ ਅਧਿਆਤਮਿਕ ਚੇਤਨਾ ਦਾ ਜੀਵੰਤ ਪ੍ਰਤੀਕ ਹੈ। ਗੁਰਬਾਣੀ ਤੋਂ ਲੈ ਕੇ ਸੂਫ਼ੀ ਕਾਵਿ ਤੱਕ, ਵਾਰਾਂ ਤੋਂ ਲੈ ਕੇ ਕਹਾਣੀ ਤੇ ਨਾਵਲ ਤੱਕ, ਪੰਜਾਬੀ ਸਾਹਿਤ ਨੇ ਹਰ ਪੱਧਰ ‘ਤੇ ਮਨੁੱਖੀ ਅਨੁਭਵ ਦੀ ਗਹਿਰਾਈ ਨੂੰ ਛੂਹਿਆ ਹੈ। ਇਸ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਹ ਲੋਕ ਜੀਵਨ ਨਾਲ ਜੁੜਿਆ ਸਾਹਿਤ ਹੈ ਜਿਸ ਵਿੱਚ ਮਿੱਟੀ ਦੀ ਖੁਸ਼ਬੂ, ਮਿਹਨਤ ਦੀ ਗਰਮੀ ਅਤੇ ਮਨੁੱਖੀ ਦਿਲ ਦੀ ਧੜਕਣ ਇਸ ਵਿੱਚ ਸਮਾਈ ਹੋਈ ਹੈ। ਪੰਜਾਬੀ ਸਾਹਿਤ ਦਾ ਪ੍ਰਭਾਵ ਸਿਰਫ਼ ਪੰਜਾਬ ਤੱਕ ਸੀਮਤ ਨਹੀਂ ਰਿਹਾ। ਹਰਿਆਣਾ, ਦਿੱਲੀ, ਰਾਜਸਥਾਨ ਅਤੇ ਉੱਤਰੀ ਭਾਰਤ ਦੇ ਕਈ ਖੇਤਰਾਂ ਵਿੱਚ ਪੰਜਾਬੀ ਭਾਸ਼ਾ ਨੇ ਆਪਣਾ ਮਜ਼ਬੂਤ ਅਸਰ ਛੱਡਿਆ। ਖਾਸ ਕਰਕੇ ਹਰਿਆਣਾ ਦੀ ਧਰਤੀ, ਜੋ ਆਪਣੀ ਖੇਤੀਬਾੜੀ, ਲੋਕਧਾਰਾ ਅਤੇ ਮਿਹਨਤ ਦੀ ਸੰਸਕ੍ਰਿਤੀ ਲਈ ਪ੍ਰਸਿੱਧ ਹੈ, ਉੱਥੇ ਪੰਜਾਬੀ ਭਾਸ਼ਾ ਨੇ ਸਦੀਆਂ ਤੋਂ ਆਪਣੇ ਪੈਰ ਜਮਾਏ ਹੋਏ ਹਨ। ਗੁਰਬਾਣੀ ਦੇ ਪ੍ਰਭਾਵ ਨਾਲ, ਗੁਰਮਤਿ ਅਤੇ ਸਾਂਝੀ ਸਭਿਆਚਾਰ ਦੇ ਸਦਕਾ, ਪੰਜਾਬੀ ਭਾਸ਼ਾ ਇਸ ਭੂਗੋਲਿਕ ਖਿੱਤੇ ਦੀ ਲੋਕ ਬੋਲੀ ਦਾ ਹਿੱਸਾ ਬਣ ਗਈ।

1966 ਵਿੱਚ ਜਦੋਂ ਹਰਿਆਣਾ ਰਾਜ ਦੀ ਸਥਾਪਨਾ ਹੋਈ, ਤਦੋਂ ਇਹ ਸਿਰਫ਼ ਪ੍ਰਸ਼ਾਸਕੀ ਨਹੀਂ, ਸਾਂਸਕ੍ਰਿਤਿਕ ਤੌਰ ‘ਤੇ ਵੀ ਇੱਕ ਨਵਾਂ ਅਧਿਆਇ ਸੀ। ਨਵੇਂ ਰਾਜ ਦੀ ਰਚਨਾ ਨਾਲ ਜਿੱਥੇ ਭਾਸ਼ਾ, ਬੋਲਚਾਲ ਅਤੇ ਲੋਕਧਾਰਾ ਦੀ ਪਛਾਣ ਵਧਣੀ ਸੀ, ਉੱਥੇ ਇੱਕ ਵਿਲੱਖਣ ਸਾਹਿਤਕ ਪਛਾਣ ਦੀ ਉਮੀਦ ਵੀ ਜਾਗਣੀ ਲਾਜ਼ਮੀ ਸੀ। ਪਰ, ਸ਼ੁਰੂਆਤੀ ਦੌਰ ਵਿੱਚ ਇਹ ਪ੍ਰਕਿਰਿਆ ਕੁਝ ਵਿਰੋਧਾਭਾਸੀ ਰਹੀ। ਹਰਿਆਣਾ ਦੀ ਪੰਜਾਬੀ ਵਾਰਤਕ ਪੰਜਾਬੀ ਸਾਹਿਤ ਦੀ ਉਸ ਧਾਰਾ ਦਾ ਹਿੱਸਾ ਹੈ ਜਿਸ ਨੇ ਪੰਜਾਬੀ ਭਾਸ਼ਾ ਦੀ ਵਿਸਤ੍ਰਿਤਤਾ ਅਤੇ ਬਹੁ-ਸਾਂਸਕ੍ਰਿਤਿਕ ਰੂਪ ਨੂੰ ਮਜ਼ਬੂਤੀ ਦਿੱਤੀ। ਪਰ ਇਹ ਧਾਰਾ ਆਪਣੇ ਸ਼ੁਰੂਆਤੀ ਦੌਰ ਵਿੱਚ ਆਪਣੀ ਖੇਤਰੀ ਵਿਲੱਖਣਤਾ ਦੀ ਪਛਾਣ ਬਣਾਉਣ ਵਿੱਚ ਕੁਝ ਪਿੱਛੇ ਰਹੀ। ਜਦੋਂ ਹਰਿਆਣਾ ਰਾਜ ਦੀ ਸਥਾਪਨਾ ਹੋਈ, ਉਸ ਸਮੇਂ ਪੰਜਾਬੀ ਸਾਹਿਤ ਦੇ ਪ੍ਰਭਾਵ ਹੇਠ ਇੱਥੋਂ ਦੇ ਕਈ ਲੇਖਕਾਂ ਨੇ ਪੰਜਾਬੀ ਸਾਹਿਤ ਦੀ ਰਚਨਾ ਕੀਤੀ। ਪਰ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਜ਼ਿਆਦਾਤਰ ਉਹੀ ਵਿਸ਼ੇ ਪੇਸ਼ ਕੀਤੇ ਗਏ ਜੋ ਪੰਜਾਬੀ ਸਾਹਿਤ ਦੀ ਕੇਂਦਰੀ ਧਾਰਾ ਵਿੱਚ ਪਹਿਲਾਂ ਹੀ ਮੌਜੂਦ ਸਨ। ਜਿਵੇਂ ਕਿ ਧਰਮ, ਮਨੁੱਖੀ ਸੰਘਰਸ਼, ਸਮਾਜਕ ਅਨਿਆਏ, ਆਧੁਨਿਕਤਾ ਦੀ ਟਕਰਾਅ ਆਦਿ। ਪਰ ਹਰਿਆਣਾ ਦੀ ਧਰਤੀ ਦੀ ਗੰਧ, ਲੋਕਧਾਰਾ, ਕਿਸਾਨੀ ਜੀਵਨ, ਜਾਤ-ਪਾਤ ਦੀ ਪ੍ਰਥਾ ਜਾਂ ਔਰਤ ਦੀ ਅਸਲੀ ਸਥਿਤੀ ਜਿਹੇ ਤੱਤ ਉਨ੍ਹਾਂ ਦੇ ਲੇਖਨ ਵਿੱਚ ਬਹੁਤ ਘੱਟ ਉੱਭਰੇ। ਇਸ ਸਬੰਧੀ ਡਾ ਹਰਸਿਮਰਨ ਸਿੰਘ ਰੰਧਾਵਾ ਆਪਣੇ ਵਿਚਾਰ ਪੇਸ਼ ਕਰਦੇ ਹੋਏ ਦੱਸਦੇ ਹਨ ਕਿ “...ਹਰਿਆਣਾ ਵਿੱਚ ਰਚਿਆ ਜਾ ਰਿਹਾ ਬਹੁਤ ਪੰਜਾਬੀ ਸਾਹਿਤ ਸਾਨੂੰ ਅਜਿਹਾ ਪ੍ਰਾਪਤ ਹੁੰਦਾ ਹੈ ਜਿਸ ਵਿਚ ਹਰਿਆਣਾ ਦੀ ਭੂਗੋਲਿਕ ਸਥਿਤੀ, ਸਭਿਆਚਾਰ ਅਤੇ ਭਾਸ਼ਾ ਦਾ ਵਰਨਣ ਪ੍ਰਾਪਤ ਨਹੀਂ ਹੁੰਦਾ।”[3] ਭਾਵ ਲੇਖਕ ਹਰਿਆਣਵੀ ਧਰਤੀ ਦੇ ਵਾਸੀ ਤਾਂ ਸਨ, ਪਰ ਉਹਨਾਂ ਦਾ ਸਾਹਿਤ ਅਜੇ ਹਰਿਆਣਵੀ ਚੇਤਨਾ ਦਾ ਪ੍ਰਤੀਨਿਧ ਨਹੀਂ ਬਣ ਸਕਿਆ ਸੀ।

ਹਰਿਆਣਾ ਦੀ ਪੰਜਾਬੀ ਵਾਰਤਕ ਦੀ ਜੜ੍ਹਾਂ ਸਾਂਝੇ ਪੰਜਾਬ ਦੀ ਸਾਂਸਕ੍ਰਿਤਕ ਪਰੰਪਰਾ ਵਿੱਚ ਡੂੰਘੀਆਂ ਵਸੀਆਂ ਹੋਈਆਂ ਹਨ। ਪੁਨਰਗਠਨ ਤੋਂ ਪਹਿਲਾਂ ਅੱਜ ਦੇ ਹਰਿਆਣਾ ਖੇਤਰ ਵਿੱਚ ਰਹਿੰਦੇ ਕਈ ਲੇਖਕਾਂ ਨੇ ਪੰਜਾਬੀ ਭਾਸ਼ਾ ਵਿੱਚ ਗੰਭੀਰ ਅਤੇ ਚਿੰਤਨਸ਼ੀਲ ਵਾਰਤਕ ਰਚਨਾਵਾਂ ਦੀ ਰਚਨਾ ਕੀਤੀ। ਉਨ੍ਹਾਂ ਦੀਆਂ ਰਚਨਾਵਾਂ ਸਿਰਫ਼ ਸਾਹਿਤਕ ਕਲਾ ਨਹੀਂ ਸਗੋਂ ਧਾਰਮਿਕ, ਅਧਿਆਤਮਿਕ ਅਤੇ ਨੈਤਿਕ ਮੁੱਲਾਂ ਦਾ ਵੀ ਪ੍ਰਤੀਬਿੰਬ ਪੇਸ਼ ਕਰਦੀਆਂ ਸਨ। ਇਸ ਧਾਰਾ ਦੇ ਆਰੰਭਿਕ ਰਚਨਾਕਾਰਾਂ ਵਿੱਚ ਭਾਈ ਸੰਤੋਖ ਸਿੰਘ, ਸੰਤ ਗਰੀਬ ਦਾਸ ਅਤੇ ਨਿਰਮਲੇ ਸੰਤਾਂ ਦੀ ਪਰੰਪਰਾ ਵਿਸ਼ੇਸ਼ ਤੌਰ ‘ਤੇ ਉਲੇਖ ਯੋਗ ਹੈ। ਇਹ ਲੇਖਕ ਸਿਰਫ਼ ਧਾਰਮਿਕ ਭਾਵਨਾ ਦੇ ਪ੍ਰਵਾਹਕ ਹੀ ਨਹੀਂ ਸਨ, ਸਗੋਂ ਉਨ੍ਹਾਂ ਨੇ ਮਨੁੱਖੀ ਜੀਵਨ ਦੇ ਅੰਦਰੂਨੀ ਸੰਘਰਸ਼ਾਂ ਅਤੇ ਆਤਮਿਕ ਵਿਕਾਸ ਦੀ ਵਿਆਖਿਆ

ਵਾਰਤਕ ਰੂਪ ਵਿੱਚ ਕੀਤੀ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਕਥਾਤਮਕਤਾ ਅਤੇ ਨੈਤਿਕ ਸਬਕ ਦਾ ਸੁੰਦਰ ਸੁਮੇਲ ਦਿਖਾਈ ਦਿੰਦਾ ਹੈ, ਜੋ ਆਗਾਮੀ ਪੰਜਾਬੀ ਵਾਰਤਕ ਦੇ ਵਿਕਾਸ ਲਈ ਮਹੱਤਵਪੂਰਨ ਸਥਾਨ ਰੱਖਦਾ ਹੈ।

ਪੰਜਾਬ ਦੇ ਪੁਨਰਗਠਨ ਤੋਂ ਬਾਅਦ ਹਰਿਆਣਾ ਦੀ ਧਰਤੀ ’ਤੇ ਕਈ ਐਸੇ ਪੰਜਾਬੀ ਲੇਖਕ ਆਏ ਜੋ ਮੂਲ ਤੌਰ ’ਤੇ ਪੰਜਾਬ ਨਾਲ ਸੰਬੰਧਿਤ ਸਨ ਪਰ ਸੇਵਾਵਾਂ ਦੇ ਸੰਬੰਧ ਵਿੱਚ ਹਰਿਆਣਾ ਵਿੱਚ ਟਿਕਾਣਾ ਬਣਾਉਣ ਕਾਰਨ ਇੱਥੇ ਦੀ ਮਿੱਟੀ ਨਾਲ ਜੁੜ ਗਏ ਜਿਸ ਵਿੱਚ ਬਾਵਾ ਬੁੱਧ ਸਿੰਘ, ਮਹਿੰਦਰ ਸਿੰਘ ਰੰਧਾਵਾ, ਨੌਰਾਂਗ ਸਿੰਘ, ਕੁਲਵੰਤ ਸਿੰਘ ਵਿਰਕ, ਡਾ. ਰੋਸ਼ਨ ਲਾਲ ਅਹੂਜਾ, ਅਤੇ ਜਗਦੀਸ਼ ਸਿੰਘ ਪਾਬਲਾ ਪੰਜਾਬੀ ਵਾਰਤਕ ਦੇ ਖੇਤਰ ਵਿੱਚ ਉਲੇਖੇ ਯੋਗ ਯੋਗਦਾਨ ਦੇਣ ਵਾਲੇ ਨਾਮ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਮਨੁੱਖੀ ਸੰਬੰਧਾਂ ਦੀ ਗਹਿਰਾਈ, ਸਮਾਜਕ ਸੰਵੇਦਨਸ਼ੀਲਤਾ ਅਤੇ ਨੈਤਿਕ ਚਿੰਤਨ ਦੀ ਛਾਪ ਮਿਲਦੀ ਹੈ। ਹਾਲਾਂਕਿ, ਇਹਨਾਂ ਰਚਨਾਵਾਂ ਦਾ ਵਿਸ਼ਾ-ਕੇਂਦਰ ਮੁੱਖ ਤੌਰ ’ਤੇ ਸਾਂਝੇ ਪੰਜਾਬੀ ਚੇਤਨ ਨਾਲ ਸੰਬੰਧਿਤ ਸੀ, ਇਸ ਲਈ ਹਰਿਆਣਾ ਦੀ ਖੇਤਰੀ ਵਿਲੱਖਣਤਾ ਉਨ੍ਹਾਂ ਵਿੱਚ ਪ੍ਰਮੁੱਖ ਤੌਰ ‘ਤੇ ਪ੍ਰਗਟ ਨਹੀਂ ਹੋਈ।

1966 ਵਿੱਚ ਹਰਿਆਣਾ ਦੇ ਅਲੱਗ ਰਾਜ ਦੇ ਰੂਪ ਵਿੱਚ ਉਭਰਨ ਤੋਂ ਬਾਅਦ, ਪੰਜਾਬੀ ਵਾਰਤਕ ਦਾ ਰੁਝਾਨ ਵਿਚਾਰਕ ਤੇ ਵਿਸ਼ਲੇਸ਼ਣਾਤਮਕ ਪਾਸੇ ਵੱਲ ਮੁੜਦਾ ਹੈ। ਇਸ ਸਮੇਂ ਦੇ ਲੇਖਕਾਂ ਦੀਆਂ ਰਚਨਾਵਾਂ ਵਿੱਚ ਨਿਬੰਧ, ਹਾਸ-ਵਿਅੰਗ, ਜੀਵਨ-ਪਰਕ ਲੇਖ ਅਤੇ ਦਾਰਸ਼ਨਿਕ ਚਿੰਤਨ ਵਾਲੇ ਲੇਖ ਪ੍ਰਮੁੱਖ ਰੂਪ ਵਿੱਚ ਮਿਲਦੇ ਹਨ। ਇਸ ਦੌਰ ਦੇ ਪ੍ਰਤਿਨਿਧ ਲੇਖਕ ਕਰਤਾਰ ਸਿੰਘ ਸੁਮੇਰ ਨੇ ਰੇਖਾ-ਚਿੱਤਰ ਰਾਹੀਂ ਨਿਬੰਧ ਦੇ ਮਿਲੇ-ਜੁਲੇ ਰੂਪ ਦੀ ਰਚਨਾ ਕੀਤੀ। ਉਨ੍ਹਾਂ ਦੇ ਲੇਖ ਵਿਅਕਤੀਗਤ ਜੀਵਨ ਦੇ ਤਜਰਬਿਆਂ ਨੂੰ ਦਰਸ਼ਨਿਕ ਸੰਵੇਦਨਾ ਨਾਲ ਜੋੜਦੇ ਹਨ। ਜਗਦੀਸ਼ ਪ੍ਰਸਾਦ ਕੌਸ਼ਿਕ ਨੇ ਆਪਣੇ ਹਾਸ-ਵਿਅੰਗਮਕ ਵਾਰਤਕ ਰਚਨਾਵਾਂ “ਮੁਖੋਟੇ”, “ਦੇਖ ਕਬੀਰਾ ਰੋਇਆ” ਅਤੇ “ਮੈਂ ਕੋਈ ਝੂਠ ਬੋਲਿਆ” ਰਾਹੀਂ ਪੰਜਾਬੀ ਵਾਰਤਕ ਨੂੰ ਮਨੋਰੰਜਨਕ ਪਰ ਨਾਲ ਹੀ ਸਮਾਜਕ ਪੱਖ ਤੋਂ ਅਮੀਰ ਕੀਤਾ। ਉਨ੍ਹਾਂ ਦੇ ਲੇਖਾਂ ਵਿੱਚ ਮਨੁੱਖ ਦੇ ਦੋਹਰੇ ਚਰਿਤਰ ਦੀ ਤੀਖਣ ਵਿਸ਼ਲੇਸ਼ਣ ਮਿਲਦੀ ਹੈ। ਪ੍ਰਿੰਸੀਪਲ ਸਤਬੀਰ ਸਿੰਘ ਨੇ ਸਿੱਖ ਇਤਿਹਾਸ ਤੇ ਗੁਰਮਤਿ ਪਰੰਪਰਾ ਨੂੰ ਆਧਾਰ ਬਣਾ ਕੇ ਗੰਭੀਰ ਤੇ ਅਨੁਸ਼ਾਸਿਤ ਵਾਰਤਕ ਰਚਨਾਵਾਂ ਲਿਖਦੇ ਹਨ। ਇਸੇ ਤਰ੍ਹਾਂ ਓ.ਪੀ. ਗੁਪਤ ਨੇ ਆਪਣੀਆਂ ਸੌ ਤੋਂ ਵੱਧ ਨਿਬੰਧ ਰਚਨਾਵਾਂ ਰਾਹੀਂ ਵਿਭਿੰਨ ਸਮਾਜਿਕ ਤੇ ਨੈਤਿਕ ਵਿਸ਼ਿਆਂ ’ਤੇ ਵਿਚਾਰ ਪ੍ਰਗਟ ਕੀਤੇ। ਸਾਹਿਬ ਸਿੰਘ ਆਰਸੀ ਦੇ ਲੇਖ ਵੀ ਵਾਰਤਕ ਦੀ ਚਿੰਤਨਧਾਰਾ ਨੂੰ ਵਿਸਤਾਰ ਦੇਣ ਵਾਲੇ ਹਨ, ਜਦਕਿ ਈਸਰ ਸਿੰਘ ਤਾਂਘ ਦੀ ਪੁਸਤਕ “ਚਾਰੇ ਵੇਦ ਹੋਇ ਸਚਿਆਰੁ” ਤੇ ਸਤਨਾਮ ਸਿੰਘ ਬੰਦਵੀ ਦੀ ਰਚਨਾ “ਅੰਬਾਲਾ ਉਦਾਸ ਹੈ” ਵਿਚ ਜੀਵਨ ਦਰਸ਼ਨ ਤੇ ਆਧੁਨਿਕ ਵਿਯੋਗ ਦੀ ਅਭਿਵਿਅਕਤੀ ਹੈ।

ਇਹਨਾਂ ਸਭ ਲੇਖਕਾਂ ਦੀ ਰਚਨਾ ਨੇ ਹਰਿਆਣਾ ਦੀ ਪੰਜਾਬੀ ਵਾਰਤਕ ਨੂੰ ਬੌਧਿਕ ਤੇ ਸਾਹਿਤਕ ਆਕਾਰ ਤਾਂ ਦਿੱਤਾ, ਪਰ ਇਹ ਸੱਚ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਹਰਿਆਣਾ ਦੇ ਲੋਕ-ਜੀਵਨ, ਰਿਵਾਜਾਂ ਅਤੇ ਖੇਤਰੀ ਵਿਸ਼ੇਸ਼ਤਾਵਾਂ ਦੀ ਸਿਧੀ ਛਾਪ ਨਹੀਂ ਮਿਲ ਸਕੀ। ਉਨ੍ਹਾਂ ਦਾ ਚਿੰਤਨ ਆਦਰਸ਼ਵਾਦੀ ਅਤੇ ਚੇਤਨਸ਼ੀਲ ਸੀ ਜਦਕਿ ਹਰਿਆਣਾ ਦੇ ਖੇਤਰੀ ਹਕੀਕਤਾਂ ਨਾਲ ਉਨ੍ਹਾਂ ਦਾ ਸਬੰਧ ਸੀਮਿਤ ਸੀ। ਲੇਖਕਾਂ ਨੇ ਪੰਜਾਬੀ ਸਾਹਿਤਕ ਪਰੰਪਰਾ ਨੂੰ ਅਪਣਾਇਆ, ਪਰ ਹਰਿਆਣਾ ਦੀ ਆਪਣੀ ਆਵਾਜ਼ ਅਜੇ ਜੰਮ ਰਹੀ ਸੀ।

ਪੰਜਾਬੀ ਵਾਰਤਕ ਵੀ ਕਾਵਿ ਅਤੇ ਗਲਪ ਵਾਂਗ ਮਨੁੱਖੀ ਜੀਵਨ ਦੀ ਨਵੀਂ ਚੇਤਨਾ ਨੂੰ ਪ੍ਰਗਟ ਕਰਨ ਦਾ ਸਾਧਨ ਬਣਿਆ। ਪੰਜਾਬੀ ਵਾਰਤਕ ਨੇ ਸ਼ੁਰੂ ਵਿੱਚ ਭਾਵਨਾ, ਕਲਪਨਾ ਤੇ ਲੋਕਧਾਰਾ ਨੂੰ ਮਿਲਾ ਕੇ ਮਨੁੱਖੀ ਸੰਬੰਧਾਂ ਦੀ ਗਹਿਰਾਈ ਦੀ ਪੇਸ਼ਕਾਰੀ ਕਰ ਨੈਤਿਕ-ਕਦਰਾਂ ਕੀਮਤਾਂ ਅਤੇ ਇਤਿਹਾਸ ਨੂੰ ਆਪਣਾ ਮਨਭਾਉਂਦਾ ਵਿਸ਼ਾ ਬਣਾਇਆ। ਹਰਿਆਣਾ ਵਿੱਚ ਇਹ ਧਾਰਾ ਪੰਜਾਬੀ ਲਿਖਣ ਵਾਲੇ ਕੁਝ ਮਹੱਤਵਪੂਰਨ ਲੇਖਕਾਂ ਰਾਹੀਂ ਆਈ, ਜਿਨ੍ਹਾਂ ਨੇ ਪੰਜਾਬੀ ਦੇ ਪ੍ਰਭਾਵ ਹੇਠ ਲਿਖਿਆ, ਪਰ ਖੇਤਰੀ ਪਛਾਣ ਦੀ ਤਸਵੀਰ ਅਜੇ ਵੀ ਧੁੰਦਲੀ ਸੀ। ਹਰਿਆਣਾ ਦਾ ਭੂਗੋਲ, ਇੱਥੋਂ ਦੀ ਕਿਸਾਨੀ ਅਰਥਵਿਵਸਥਾ, ਪਿੰਡਾਂ ਦੀ ਵਿਲੱਖਣ ਅਤੇ ਸਾਦਾ ਜੀਵਨ ਸ਼ੈਲੀ, ਜਾਤ–ਪਾਤ ਅਤੇ ਗੋਤ ਵਿਵਸਥਾ, ਔਰਤ ਦੇ ਜੀਵਨ ਦੀ ਅਸਲ ਸਮਾਜਿਕ ਤਸਵੀਰ ਆਦਿ ਸਭ ਸਾਹਿਤਕ ਤੌਰ ਤੇ ਬਹੁਤ ਧਨੀ ਵਿਸ਼ੇ ਸਨ, ਪਰ ਪੰਜਾਬੀ ਵਾਰਤਕ ਦੇ ਸ਼ੁਰੂਆਤੀ ਰਚਨਾਕਾਰਾਂ ਨੇ ਉਹਨਾਂ ਨੂੰ ਪ੍ਰਮੁੱਖ ਢੰਗ ਨਾਲ ਆਪਣੀਆਂ ਰਚਨਾਵਾਂ ਦਾ ਵਿਸ਼ਾ ਨਹੀਂ ਬਣਾਇਆ। ਇਸ ਕਰਕੇ ਸ਼ੁਰੂਆਤੀ ਵਾਰਤਕਾਂ ਵਿੱਚ ਪੰਜਾਬੀ ਰਚਨਾ ਦਾ ਰੂਪ ਤਾਂ ਸੀ, ਪਰ ਹਰਿਆਣਵੀ ਜੀਵਨ ਦਾ ਅਸਲ ਪ੍ਰਤੀਬਿੰਬ ਨਹੀਂ ਸੀ।

ਹਰਿਆਣਾ ਦਾ ਸਮਾਜ ਖੇਤੀਬਾੜੀ, ਜਾਤੀ-ਧਾਰਾ, ਪਰੰਪਰਾਵਾਂ ਅਤੇ ਸਾਂਝੇਪਣ ’ਤੇ ਆਧਾਰਿਤ ਹੈ ਅਤੇ ਇਹਨਾਂ ਸਭ ਦਾ ਮਨੁੱਖੀ ਸੰਬੰਧਾਂ ਅਤੇ ਜੀਵਨ-ਮੁੱਲਾਂ ’ਤੇ ਗਹਿਰਾ ਅਸਰ ਵੀ ਹੈ। ਪਰ ਪੰਜਾਬੀ ਭਾਸ਼ਾ ਵਿੱਚ ਲਿਖਣ ਵਾਲੇ ਹਰਿਆਣਵੀ ਲੇਖਕਾਂ ਨੇ ਇਹਨਾਂ ਤੱਤਾਂ ਨੂੰ ਸ਼ਾਮਿਲ ਨਹੀਂ ਕਰ ਪਾਏ। 1960-1980 ਦਾ ਸਮਾਂ ਪੰਜਾਬੀ ਸਾਹਿਤ ਵਿੱਚ ਨਵੇਂ ਵਿਸ਼ਿਆਂ ਅਤੇ ਸ਼ਹਿਰੀ ਸੰਵੇਦਨਾ ਦੇ ਉਭਾਰ ਦਾ ਦੌਰ ਸੀ ਪਰ ਫਿਰ ਵੀ ਹਰਿਆਣਾ ਦੇ ਲੇਖਕਾਂ ਨੇ ਪੰਜਾਬੀ ਸਾਹਿਤ ਦੇ ਉਹਨਾਂ ਰੁਝਾਨਾਂ ਨੂੰ ਅਪਣਾਇਆ, ਨਾ ਕਿ ਆਪਣੇ ਖੇਤਰੀ ਜੀਵਨ ਨਾਲ ਸਬੰਧਿਤ ਵਿਸ਼ਿਆਂ ਨੂੰ ਅਪਣਾਇਆ। ਇਸ ਲਈ ਇਹ ਕਹਿਣ ਵਿੱਚ ਸੰਕੋਚ ਨਹੀਂ ਕੀਤਾ ਜਾਣਾ ਚਾਹੀਦਾ ਕਿ ਹਰਿਆਣਾ ਦੇ ਸਾਹਿਤਕਾਰ ਭਾਸ਼ਾ ਪੱਧਰ ’ਤੇ ਤਾਂ ਪੰਜਾਬੀ ਨਾਲ ਜੁੜੇ ਰਹੇ, ਪਰ ਸਮੱਗਰੀ ਪੱਧਰ ’ਤੇ ਉਹਨਾਂ ਦਾ ਸਾਹਿਤਕ ਕਾਰਜ ਆਪਣੇ ਖੇਤਰ ਤੋਂ ਦੂਰ ਹੁੰਦਾ ਨਜ਼ਰ ਆਇਆ।

1980 ਦੇ ਬਾਅਦ ਜਦੋਂ ਸਾਹਿਤਕ ਜਗਤ ਵਿੱਚ ਖੇਤਰੀ ਪਛਾਣ ਅਤੇ ਲੋਕਧਾਰਾ ਦੀ ਵਾਪਸੀ ਹੋਈ ਅਤੇ ਇਸ ਨਾਲ ਹੀ ਹਰਿਆਣਾ ਦੇ ਪੰਜਾਬੀ ਸਾਹਿਤ, ਖਾਸ ਕਰਕੇ ਕਾਵਿ ਅਤੇ ਗਲਪ ਨੇ ਵੀ ਆਪਣੀ ਦਿਸ਼ਾ ਬਦਲੀ। ਇਸ ਦੌਰ ਦੇ ਗਲਪਕਾਰਾਂ ਨੇ ਪਿੰਡਾਂ ਦੇ ਜੀਵਨ, ਕਿਸਾਨੀ ਸੰਘਰਸ਼, ਔਰਤ ਦੀ

ਅਸਲੀ ਹਾਲਤ ਅਤੇ ਹਰਿਆਣਵੀ ਲੋਕਧਾਰਾ ਦੇ ਪ੍ਰਤੀਕਾਂ ਨੂੰ ਕਲਾ ਦਾ ਕੇਂਦਰ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਦੌਰ ਵਿੱਚ ਲੋਕ ਰੰਗ, ਭੋਗੋਲ, ਸਮਾਜਕ ਵਿਰੋਧ, ਜਾਤੀ ਸੰਘਰਸ਼ ਅਤੇ ਨਾਰੀ ਚੇਤਨਾ ਦੇ ਵਿਸ਼ੇ ਸਾਹਿਤ ਵਿੱਚ ਆਏ, ਜੋ ਕਿ ਹਰਿਆਣਾ ਦੀ ਅਸਲ ਜੀਵਨ ਸਥਿਤੀ ਨੂੰ ਦਰਸਾਉਂਦੇ ਹਨ। ਪਰ ਵਾਰਤਕ ਰਚਨਾਵਾਂ ਨੇ ਇਹ ਅਸਰ ਕਾਫੀ ਬਾਅਦ ਵਿੱਚ ਕੀਤਾ। ਹਰਿਆਣਾ ਦੀ ਪੰਜਾਬੀ ਵਾਰਤਕ ਨੇ ਆਪਣਾ ਵਿਲੱਖਣ ਰੂਪ ਪ੍ਰਗਟ ਕੀਤਾ। ਭਾਸ਼ਾ ਪੰਜਾਬੀ ਰਹੀ, ਪਰ ਵਿਸ਼ਾ ਅਤੇ ਜੀਵਨ ਅਨੁਭਵ ਹਰਿਆਣਵੀ ਬਣ ਗਏ। ਇਹ ਮਿਲਾਪ ਦਰਸਾਉਂਦਾ ਹੈ ਕਿ ਹਰਿਆਣਾ ਦੀ ਪੰਜਾਬੀ ਵਾਰਤਕ ਨੇ ਕੇਵਲ ਪੰਜਾਬੀ ਸਾਹਿਤ ਦੀ ਪਰੰਪਰਾ ਨੂੰ ਨਹੀਂ ਚਲਾਇਆ, ਸਗੋਂ ਉਸ ਵਿੱਚ ਆਪਣੀ ਭੋਗੋਲਿਕ ਤੇ ਸਾਂਸਕ੍ਰਿਤਿਕ ਪਛਾਣ ਜੋੜੀ।

ਇਸ ਲਈ ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਹਰਿਆਣਾ ਦੀ ਪੰਜਾਬੀ ਵਾਰਤਕ ਦਾ ਰੂਪ ਪਰੰਪਰਾ ਤੋਂ ਪਛਾਣ ਤੱਕ ਦਾ ਹੈ। ਸ਼ੁਰੂਆਤ ਵਿੱਚ ਇਹ ਸਿਰਫ਼ ਪੰਜਾਬੀ ਸਾਹਿਤ ਦੀ ਛਾਂ ਹੇਠ ਰਹੀ, ਪਰ ਸਮੇਂ ਦੇ ਨਾਲ ਇਸ ਨੇ ਆਪਣੀ ਮਿੱਟੀ ਨਾਲ ਜੁੜ ਕੇ ਆਪਣਾ ਵਿਲੱਖਣ ਸਵਰ ਪੈਦਾ ਕੀਤਾ। ਇਸ ਦਾ ਅਸਲ ਯੋਗਦਾਨ ਇਹ ਹੈ ਕਿ ਇਸ ਨੇ ਸਾਬਤ ਕੀਤਾ ਕਿ ਭਾਸ਼ਾ ਦੀ ਸੀਮਾ ਖੇਤਰ ਦੀ ਪਹਿਚਾਣ ਨੂੰ ਰੋਕ ਨਹੀਂ ਸਕਦੀ। ਪਰ ਫਿਰ ਵੀ ਕਵਿਤਾ ਅਤੇ ਗਲਪ ਦੀ ਤਰ੍ਹਾਂ ਵਾਰਤਕ ਦਾ ਗਿਣਾਤਮਕ ਅਤੇ ਗੁਣਾਤਮਕ ਤੌਰ ਤੇ ਸਫ਼ਰ ਨੂੰ ਗਤੀ ਦੇਣਾ ਬਾਕੀ ਹੈ। ਹਰਿਆਣਾ ਦੀ ਪੰਜਾਬੀ ਵਾਰਤਕ ਦਾ ਇਹ ਸਫ਼ਰ ਵਿਲੱਖਣ ਹੈ। ਸ਼ੁਰੂ ਵਿੱਚ ਇਹ ਪੰਜਾਬੀ ਸਾਹਿਤ ਦੀ ਛਾਂ ਹੇਠ ਰਹੀ, ਪਰ ਸਮੇਂ ਦੇ ਨਾਲ ਆਪਣੀ ਮਿੱਟੀ ਨਾਲ ਜੁੜ ਕੇ ਆਪਣਾ ਅਲੱਗ ਸੁਰ ਪੈਦਾ ਕੀਤਾ। ਇਸ ਨੇ ਸਾਬਤ ਕੀਤਾ ਕਿ ਭਾਸ਼ਾ ਦੀਆਂ ਹੱਦਾਂ ਖੇਤਰੀ ਚੇਤਨਾ ਨੂੰ ਰੋਕ ਨਹੀਂ ਸਕਦੀਆਂ। ਪਰ ਇਹ ਵੀ ਸੱਚ ਹੈ ਕਿ ਕਵਿਤਾ ਅਤੇ ਗਲਪ ਦੀ ਤਰ੍ਹਾਂ ਵਾਰਤਕ ਵਿਧਾ ਦਾ ਗੁਣਾਤਮਕ ਵਿਕਾਸ ਅਜੇ ਵੀ ਸੰਭਾਵਨਾ ਦੀ ਪੀੜੀ ਤੇ ਖੜ੍ਹਾ ਹੈ। ਇਸ ਵਿਧਾ ਨੂੰ ਹੋਰ ਆਗੇ ਵਧਾਉਣ ਲਈ ਖੋਜ, ਆਲੋਚਨਾ ਅਤੇ ਅਧਿਐਨ ਦੀ ਲੋੜ ਹੈ।

## ਹਵਾਲੇ ਅਤੇ ਟਿਪੱਣੀਆਂ

1. *ਹਿੰਮਤ ਸਿੰਘ ਸੋਢੀ, ਅਮਰਜੀਤ ਸਿੰਘ ਕਾਂਗ- ਪੰਜਾਬੀ ਸਾਹਿਤ ਵਿਚ ਹਰਿਆਣਾ ਦਾ ਯੋਗਦਾਨ (ਸੰਪਾ.) ਪੰਨਾ-92*
2. *ਗੁਰਨਾਇਬ ਸਿੰਘ (ਡਾ.) ਵਾਰਤਕ ਸਿਧਾਂਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,ਪੰਨਾ-5*
3. *ਹਿੰਮਤ ਸਿੰਘ ਸੋਢੀ, ਅਮਰਜੀਤ ਸਿੰਘ ਕਾਂਗ- ਪੰਜਾਬੀ ਸਾਹਿਤ ਵਿਚ ਹਰਿਆਣਾ ਦਾ ਯੋਗਦਾਨ (ਸੰਪਾ) ਪੰਨਾ-100*